**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ**

ਹੁਕਮ ਨੰ: 10/69-2005 ਅ 3(1) ਕੋ:ਸੈਲ:3
ਮਿਤੀ, ਐਸ.ਏ.ਐਸ.ਨਗਰ :- 30.10.15

ਸ਼੍ਰੀਮਤੀ ਬਲਬੀਰ ਕੌਰ, ਸ.ਸ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਜਲੰਧਰ, ਜੋ ਮਿਤੀ 15-07-2002 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਇਸ ਦਫਤਰ ਦੇ ਪੱਤਰ ਨੰ: 10/69-04 ਅ-3 (4) ਮਿਤੀ 15-06-04/20-08-04 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5(v-ix) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

ਸ਼੍ਰੀਮਤੀ ਬਲਬੀਰ ਕੌਰ, ਸ.ਸ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਜਲੰਧਰ ਵੱਲੋ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਇਸ ਦਫਤਰ ਦੇ ਪੱਤਰ ਨੰ: 10/69-04 ਅ-3(4) ਮਿਤੀ 04-05-07/14-05-07 ਰਾਂਹੀ ਸ਼੍ਰੀਮਤੀ ਹਰਜੀਤ ਕੌਰ ਗਿੱਲ, ਮੰਡਲ ਸਿੱਖਿਆ ਅਫਸਰ ਜਲੰਧਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਆਪਣੇ ਪੱਤਰ ਨੰ:ਸਟੈਨੋ/ਵਿ.ਪ./05-538 ਮਿਤੀ 11.10.2005 ਰਾਹੀਂ ਸੂਚਿਤ ਕੀਤਾ ਗਿਆ ਕਿ ਦੋਸ਼ੀ ਕਰਮਚਾਰਨ ਪੜਤਾਲ ਵਿੱਚ ਹਾਜ਼ਰ ਨਹੀਂ ਹੋਈ। ਇਸ ਨੂੰ ਭੇਜੇ ਗਏ ਰਜਿਸਟਰਡ ਪੱਤਰ ਇਨ੍ਹਾਂ ਰਿਮਾਰਕਸ ਰਾਹੀਂ ਵਾਪਸ ਆ ਗਏ ਕਿ ਇਹ ਮੈਡਮ ਇੱਥੇ ਨਹੀਂ ਹੈ ਇਸ ਲਈ ਰਜਿਸਟਰੀ ਵਾਪਿਸ ਕੀਤੀ ਜਾਂਦੀ ਹੈ। ਪੜਤਾਲੀਆ ਅਫਸਰ ਵੱਲੋਂ ਇਹ ਵੀ ਲਿਖਿਆ ਗਿਆ ਕਿ ਦੋਸ਼ੀ ਕਰਮਚਾਰਨ ਦੇ ਹਾਜ਼ਰ ਨਾ ਹੋਣ ਕਾਰਨ ਉਸ ਵਿਰੁੱਧ ਲਗਾਏ ਗਏ ਦੋਸ਼ਾਂ ਸਬੰਧੀ ਉਸ ਦਾ ਪੱਖ ਨਹੀਂ ਜਾਣਿਆ ਜਾ ਸਕਦਾ, ਉਸ ਨੂੰ ਅਖਬਾਰ ਵਿਗਿਆਨ ਰਾਹੀਂ ਸੂਚਿਤ ਕਰਨਾ ਬਣਦਾ ਹੈ ਤਾਂ ਜੋ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਪੜਤਾਲੀਆ ਅਫਸਰ ਦੀ ਤਜਵੀਜ਼ ਦੇ ਸਨਮੁੱਖ ਮਿਤੀ 25.09.06 ਨੂੰ ਸ਼੍ਰੀਮਤੀ ਬਲਬੀਰ ਕੌਰ, ਸ.ਸ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਜਲੰਧਰ ਲਈ ਪ੍ਰਮੁੱਖ ਅਖਬਾਰਾਂ ਵਿੱਚ ਪਬਲਿਕ ਨੋਟਿਸ ਦੇ ਕੇ ਸੂਚਿਤ ਕੀਤਾ ਗਿਆ ਕਿ ਉਹ ਹਰ ਹਾਲਤ ਵਿੱਚ 21 ਦਿਨਾਂ ਦੇ ਅੰਦਰ-ਅੰਦਰ ਪੜਤਾਲੀਆ ਅਫਸਰ ਦੇ ਦਫਤਰ ਵਿਖੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨੌਕਰੀ ਤੋਂ ਡਿਸਮਿਸ ਕਰਨ ਲਈ ਨਿਯਮਾਂ ਅਨੁਸਾਰ ਕਾਰਵਾਈ ਕਰ ਲਈ ਜਾਵੇਗੀ।

ਸ਼੍ਰੀਮਤੀ ਬਲਬੀਰ ਕੌਰ, ਸ.ਸ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਜਲੰਧਰ ਵੱਲੋਂ ਇਸ ਪਬਲਿਕ ਨੋਟਿਸ ਦੇ ਸਨਮੁੱਖ ਕੋਈ ਜਵਾਬ ਨਹੀਂ ਦਿੱਤਾ ਗਿਆ, ਨਾ ਹੀ ਉਹ ਦਫਤਰ ਵਿਖੇ ਆਪਣਾ ਪੱਖ ਰੱਖਣ ਲਈ ਪੇਸ਼ ਹੋਈ। ਕਰਮਚਾਰਨ ਵਿਰੁੱਧ ਗੈਰ ਹਾਜਰੀ ਦੇ ਦੋਸ਼ ਦੀ ਪੜਤਾਲ ਕਰਨ ਲਈ ਮੰਡਲ ਸਿੱਖਿਆ ਅਫਸਰ(ਸੈਸਿ) ਜਲੰਧਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਮਿਤੀ 28.03.08 ਨੂੰ ਸਬਮਿਟ ਕੀਤੀ ਰਿਪੋਰਟ ਵਿੱਚ ਇਸ ਕਰਮਚਾਰਨ ਵਿਰੁੱਧ ਮਿਤੀ 02.01.2005 ਤੋਂ ਗੈਰ ਹਾਜ਼ਰ ਰਹਿਣ ਦਾ ਦੋਸ਼ ਸਿੱਧ ਕੀਤਾ। ਪੜਤਾਲੀਆ ਅਫਸਰ ਵੱਲੋਂ ਇਸ ਕਰਮਚਾਰਨ ਨੂੰ ਮਾਨਯੋਗ ਡੀ.ਪੀ.ਈ(ਸੈਸਿ) ਪੰਜਾਬ ਵੱਲੋਂ ਆਪਣੇ ਪੱਧਰ ਤੇ ਨਿਜੀ ਸੁਣਵਾਈ ਦਾ ਇੱਕ ਆਖਰੀ ਮੌਕਾ ਦੇ ਕੇ ਨਿਯਮਾਂ ਅਨੁਸਾਰ ਕਾਰਵਾਈ ਕਰਨ ਦੀ ਸਿਫਾਰਿਸ਼ ਕੀਤੀ ਗਈ। ਜਿਸ ਦੇ ਮੱਦੇਨਜ਼ਰ ਇਸ ਨੂੰ ਮਿਤੀ 31.10.2008 ਨੂੰ 12.30 ਵਜੇ ਨਿਜੀ ਸੁਣਵਾਈ ਲਈ ਹਾਜ਼ਰ ਹੋਣ ਲਈ ਲਿਖਿਆ ਗਿਆ। ਪਰੰਤੂ ਇਹ ਨਿਜੀ ਸੁਣਵਾਈ ਲਈ ਹਾਜ਼ਰ ਨਹੀਂ ਹੋਈ।

ਮਿਤੀ 19.01.2009 ਨੂੰ ਸ਼੍ਰੀਮਤੀ ਬਲਬੀਰ ਕੌਰ ਲਈ ਪਬਲਿਕ ਨੋਟਿਸ ਜਾਰੀ ਕੀਤਾ ਗਿਆ ਜੋ ਕਿ ਸਤੰਬਰ 2009 ਦੌਰਾਨ ਪ੍ਰਕਾਸ਼ਨ ਨੰਬਰ ਪੀ.ਆਰ/2009/297-ਡੀ ਰਾਹੀਂ ਪ੍ਰਕਾਸ਼ਿਤ ਹੋਇਆ। ਇਸ ਨੋਟਿਸ ਰਾਹੀਂ ਕਰਮਚਾਰਨ ਨੂੰ ਸੂਚਿਤ ਕੀਤਾ ਗਿਆ ਕਿ ਉਹ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਪੱਖ ਪੇਸ਼ ਕਰੇ ਨਹੀਂ ਤਾਂ ਇਹ ਸਮਝ ਲਿਆ ਜਾਵੇਗਾ ਕਿ

ਉਹ ਆਪਣੇ ਪੱਖ ਵਿੱਚ ਕੁਝ ਨਹੀਂ ਕਹਿਣਾ ਚਾਹੁੰਦੀ ਅਤੇ ਸਰਕਾਰੀ ਸੇਵਾ ਵਿੱਚ ਬਣੇ ਰਹਿਣ ਦੀ ਚਾਹਵਾਨ ਨਹੀਂ ਹੈ ਅਤੇ ਕੇਸ ਦਾ ਫੈਸਲਾ ਗੁਣਾਂ ਅਤੇ ਦੋਸ਼ਾਂ ਦੇ ਅਧਾਰ ਤੇ ਕਰਦੇ ਹੋਏ ਕਰਮਚਾਰਨ ਨੂੰ ਸਰਕਾਰੀ ਸੇਵਾ ਤੋਂ ਡਿਸਮਿਸ ਕਰਨ ਲਈ ਨਿਯਮਾਂ ਅਨੁਸਾਰ ਕਾਰਵਾਈ ਕਰ ਲਈ ਜਾਵੇਗੀ।

ਸ਼੍ਰੀਮਤੀ ਬਲਬੀਰ ਕੌਰ, ਸ.ਸ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਜਲੰਧਰ ਵੱਲੋਂ ਇਸ ਪਬਲਿਕ ਨੋਟਿਸ ਦੇ ਸਨਮੁੱਖ ਕੋਈ ਜਵਾਬ ਨਹੀਂ ਦਿੱਤਾ ਗਿਆ। ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਜਲੰਧਰ ਦੀ ਤਾਜ਼ਾ ਰਿਪੋਰਟ ਮਿਤੀ 03.09.15 ਅਨੁਸਾਰ ਵੀ ਇਹ ਕਰਮਚਾਰਨ ਹੁਣ ਤੱਕ ਅਣਅਧਿਕਾਰਤ ਤੌਰ ਤੇ ਗੈਰ ਹਾਜ਼ਰ ਚੱਲੀ ਆ ਰਹੀ ਹੈ।

ਉਕਤ ਦਿੱਤੀ ਸਥਿਤੀ ਦੇ ਚੱਲਦੇ ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ, ਸ਼੍ਰੀਮਤੀ ਬਲਬੀਰ ਕੌਰ, ਸ.ਸ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਜਲੰਧਰ ਜੋ ਮਿਤੀ 02-01-2005 ਤੋਂ ਹੁਣ ਤੱਕ ਲਗਾਤਾਰ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਜਾਣਬੁਝ ਕੇ ਗੈਰ ਹਾਜ਼ਰ ਚੱਲ ਰਹੀ ਹੈ, ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5 (viii) ਅਧੀਨ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 19810-13

ਮਿਤੀ, ਐਸ.ਏ.ਐਸ.ਨਗਰ :- 4/11/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਨਾਭਾ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਮੁੱਖਅਧਿਆਪਕ, ਸਹਸ ਕਾਹਲਵਾਂ, ਜ਼ਿਲ੍ਹਾ ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ। ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਵੀ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ।
4. ਸ਼੍ਰੀਮਤੀ ਬਲਬੀਰ ਕੌਰ, ਸ.ਸ ਮਿਸਟ੍ਰੈਸ, ਸਹਸ ਕਾਹਲਵਾਂ, ਜ਼ਿਲ੍ਹਾ ਜਲੰਧਰ।

ਸੁਪਰਡੰਟ ਕੋਆਰਡੀਨੇਸ਼ਨ ਸੈਲ